بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਉਸੈਰ ਬਿਨ ਰਿਜ਼ਾਮ ਦੇ ਵੱਲ ਸਿਰੱਯਾ ਅਬਦੁੱਲਾਹ ਬਿਨ ਰਵਾਹਾ ਅਤੇ ਸਿਰੱਯਾ ਅਮ੍ਰ ਬਿਨ ਉਮੱਯਾ ਜ਼ਮਰੀ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 17 ਜਨਵਰੀ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ۬ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਕਿ ਅੱਜ ਜਿਹੜੇ ਸਿਰੱਯਾਵਾਂ ਦਾ ਜ਼ਿਕਰ ਹੋਵੇਗਾ, ਇਨ੍ਹਾਂ ਵਿੱਚੋਂ ਇੱਕ ਸਿਰੱਯਾ ਅਬਦੁੱਲਾਹ ਬਿਨ ਰਵਾਹਾ ਦਾ ਜ਼ਿਕਰ ਹੈ ਜਿਹੜਾ ਉਸੈਰ ਬਿਨ ਰਿਜ਼ਾਮ ਦੇ ਵੱਲ ਹੋਇਆ। ਇਹ 06 ਹਿਜਰੀ ਵਿੱਚ ਉਸੈਰ ਜਾਂ ਯੁਸੈਰ ਬਿਨ ਰਿਜ਼ਾਮ ਦੇ ਵੱਲ ਖ਼ੈਬਰ ਵਿੱਚ ਹੋਇਆ।

ਇਸਦੀ ਤਫ਼ਸੀਲ ਵਿੱਚ ਬਿਆਨ ਹੋਇਆ ਹੈ ਕਿ ਜਦ ਅਬੂ ਰਾਫ਼ਿਅ ਸਲਾਮ ਬਿਨ ਅਬਿਲ ਹਕ਼ੀਕ਼ ਨੂੰ ਕ਼ਤਲ ਕੀਤਾ ਗਿਆ ਤਾਂ ਯਹੂਦੀਆਂ ਨੇ ਉਸੈਰ ਬਿਨ ਰਿਜ਼ਾਮ ਨੂੰ ਆਪਣਾ ਸਰਦਾਰ ਨਿਯੁਕਤ ਕੀਤਾ। ਉਹ ਯਹੂਦੀਆਂ ਵਿੱਚ ਖੜਾ ਹੋ ਕੇ ਭਾਸ਼ਣ ਦੇਣ ਲੱਗਾ ਕਿ ਮੈਂ ਉਹ ਕੰਮ ਕਰਾਂਗਾ, ਜਿਹੜਾ ਮੇਰੇ ਸਾਥੀਆਂ ਵਿੱਚੋਂ ਇੱਕ ਨੇ ਵੀ ਨਹੀਂ ਕੀਤਾ ਹੋਵੇਗਾ, ਮੈਂ ਕ਼ਬੀਲਾ ਗ਼ਤਫ਼ਾਨ ਦੇ ਵੱਲ ਜਾਂਦਾ ਹਾਂ ਅਤੇ ਉਨ੍ਹਾਂ ਨੂੰ ਇਕੱਠਾ ਕਰਦਾ ਹਾਂ ਅਤੇ ਅਸੀਂ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੇ ਵੱਲ ਚੱਲ ਕੇ ਉਨ੍ਹਾਂ ਦੇ ਘਰ ਵਿੱਚ ਵੜ ਜਾਵਾਂਗੇ, ਜਦ ਵੀ ਕੋਈ ਆਪਣੇ ਦੁਸ਼ਮਣ ਦੇ ਘਰ ਵਿੱਚ ਆ ਕੇ ਹਮਲਾ ਕਰਦਾ ਹੈ ਤਾਂ ਆਪਣੇ ਮਕ਼ਸਦ ਵਿੱਚ ਕੁੱਝ ਨਾ ਕੁੱਝ ਕਾਮਯਾਬ ਹੋ ਹੀ ਜਾਂਦਾ ਹੈ। ਸੋ ਉਹ ਕ਼ਬੀਲਾ ਗ਼ਤਫ਼ਾਨ ਅਤੇ ਦੂਸਰੇ ਕ਼ਬੀਲਿਆਂ ਦੇ ਵੱਲ ਚਲਿਆ ਗਿਆ ਅਤੇ ਉਨ੍ਹਾਂ ਨੂੰ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਖ਼ਿਲਾਫ਼ ਜੰਗ ਦੇ ਲਈ ਇਕੱਠਾ ਕਰਨ ਲੱਗ ਪਿਆ।

ਇਸਦੀ ਤਫ਼ਸੀਲ ਵਿੱਚ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਲਿਖਿਆ ਹੈ ਕਿ ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਨ੍ਹਾਂ ਹਾਲਾਤਾਂ ਦੀ ਸੂਚਨਾ ਮਿਲੀ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ੌਰਨ ਆਪਣੇ ਇੱਕ ਅੰਸਾਰੀ ਸਹਾਬੀ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਨੂੰ ਤਿੰਨ ਦੂਸਰੇ ਸਹਾਬੀਆਂ ਦੇ ਨਾਲ ਖ਼ੈਬਰ ਦੇ ਵੱਲ ਰਵਾਨਾ ਕੀਤਾ। ਫਲਸਰੂਪ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਅਤੇ ਉਨ੍ਹਾਂ ਦੇ ਸਾਥੀ ਗਏ ਅਤੇ ਖੁਫ਼ਿਆ ਖੁਫ਼ਿਆ ਸਾਰੇ ਹਾਲਾਤ ਦਾ ਪਤਾ ਲੈ ਕੇ ਅਤੇ ਇਹ ਪੁਸ਼ਟੀ ਕਰਕੇ ਕਿ ਇਹ ਖ਼ਬਰਾਂ ਸਹੀ ਹਨ, ਵਾਪਿਸ ਆ ਗਏ। ਇਨ੍ਹਾਂ ਹੀ ਦਿਨਾਂ ਵਿੱਚ ਇੱਕ ਗ਼ੈਰ ਮੁਸਲਿਮ ਵਿਅਕਤੀ ਖ਼ਾਰਜਾ ਬਿਨ ਹੁਸੈਲ ਰੱਬ ਸਬੱਬੀ ਖ਼ੈਬਰ ਵੱਲੋਂ ਆ ਗਿਆ ਅਤੇ ਉਸਨੇ ਵੀ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਦੀ ਪੁਸ਼ਟੀ ਕੀਤੀ।

ਇਸ ਪੁਸ਼ਟੀ ਦੇ ਬਾਅਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਦੀ ਸਰਦਾਰੀ ਵਿੱਚ ਤੀਹ (30) ਸਹਾਬਾ ਦੀ ਇੱਕ ਪਾਰਟੀ ਖ਼ੈਬਰ ਵੱਲ ਰਵਾਨਾ ਕੀਤੀ। ਉਸ ਵਾਰਤਾਲਾਪ ਤੋਂ ਜਿਹੜੀ ਖ਼ੈਬਰ ਵਿੱਚ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਅਤੇ ਉਸੈਰ ਬਿਨ ਰਿਜ਼ਾਮ

ਵਿੱਚ ਹੋਈ, ਇਹ ਜ਼ਾਹਿਰ ਹੁੰਦਾ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਇੱਛਾ ਇਹ ਸੀ ਕਿ ਉਸੈਰ ਨੂੰ ਮਦੀਨੇ ਬੁਲਾ ਕੇ ਉਸਦੇ ਨਾਲ਼ ਕੋਈ ਅਜਿਹਾ ਸਮਝੌਤਾ ਕੀਤਾ ਜਾਵੇ ਜਿਸ ਨਾਲ਼ ਇਸ ਫ਼ਸਾਦ ਦਾ ਸਿਲਸਿਲਾ ਰੁਕ ਜਾਵੇ ਅਤੇ ਮੁਲਕ ਵਿੱਚ ਅਮਨ ਦੀ ਸੂਰਤ ਪੈਦਾ ਹੋਵੇ। ਇਸ ਇੱਛਾ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਇਸ ਹੱਦ ਤੱਕ ਤਿਆਰ ਸਨ ਕਿ ਜੇਕਰ ਉਸੈਰ ਨੂੰ ਖ਼ੈਬਰ ਦੇ ਇਲਾਕ਼ੇ ਦਾ ਸਰਦਾਰ ਤੱਕ ਮੰਨਣਾ ਪਵੇ ਤਾਂ ਮੰਨ ਲਿਆ ਜਾਵੇ। ਉਸੈਰ ਨੂੰ, ਜਿਹੜਾ ਕਿ ਸ਼ਾਨੋ ਸ਼ੌਕਤ ਚਾਹੁੰਦਾ ਸੀ ਜਾਂ ਇਹ ਵੀ ਸੰਭਵ ਹੈ ਕਿ ਉਸਦੇ ਦਿਲ ਵਿੱਚ ਕੋਈ ਹੋਰ ਨੀਅਤ ਲੁਕੀ ਹੋਵੇ, ਇਹ ਸੁਝਾਅ ਪਸੰਦ ਆਇਆ ਜਾਂ ਘੱਟੋ ਘੱਟ ਉਸਨੇ ਇਹ ਜ਼ਾਹਿਰ ਕੀਤਾ ਕਿ ਮੈਨੂੰ ਇਹ ਸੁਝਾਅ ਪਸੰਦ ਆਇਆ ਹੈ। ਭਾਵਅਰਥ ਉਸੈਰ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਦੀ ਪਾਰਟੀ ਦੇ ਨਾਲ਼ ਮਦੀਨੇ ਚੱਲਣ ਦੇ ਲਈ ਤਿਆਰ ਹੋ ਗਿਆ ਅਤੇ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਵਾਂਗ ਆਪ ਵੀ ਉਸਨੇ ਤੀਹ (30) ਯਹੂਦੀ ਆਪਣੇ ਨਾਲ਼ ਲੈ ਲਏ। ਜਦ ਇਹ ਦੋਵੇਂ ਪਾਰਟੀਆਂ ਖ਼ੈਬਰ ਤੋਂ ਨਿਕਲ਼ ਕੇ ਇੱਕ ਜਗ੍ਹਾ ਕ਼ਰਕ਼ਰਾ ਵਿੱਚ ਪਹੁੰਚੀਆਂ, ਜਿਹੜੀ ਖ਼ੈਬਰ ਤੋਂ ਛੇ (06) ਮੀਲ ਦੇ ਫ਼ਾਸਲੇ ‘ਤੇ ਸੀ, ਤਾਂ ਉਸੈਰ ਦੀ ਨੀਅਤ ਬਦਲ ਗਈ ਜਾਂ ਜੇਕਰ ਉਸਦੀ ਨੀਅਤ ਪਹਿਲਾਂ ਤੋਂ ਹੀ ਖ਼ਰਾਬ ਸੀ ਤਾਂ ਇੰਝ ਸਮਝਣਾ ਚਾਹੀਦਾ ਹੈ ਕਿ ਉਸਦੇ ਇਜ਼ਹਾਰ ਦਾ ਵੇਲ਼ਾ ਆ ਗਿਆ। ਫਲਸਰੂਪ ਉਸੇ ਜਗ੍ਹਾ ਐਨ ਰਸਤੇ ਦੇ ਵਿੱਚ ਮੁਸਲਮਾਨਾਂ ਅਤੇ ਯਹੂਦੀਆਂ ਵਿੱਚ ਤਲਵਾਰ ਚੱਲ ਗਈ। ਅਤੇ ਭਾਂਵੇਂ ਦੋਵੇਂ ਪਾਰਟੀਆਂ ਤਾਅਦਾਦ ਵਿੱਚ ਬਰਾਬਰ ਸਨ ਅਤੇ ਯਹੂਦੀ ਪਹਿਲਾਂ ਤੋਂ ਹੀ ਦਿਮਾਗ਼ੀ ਤੌਰ ‘ਤੇ ਤਿਆਰ ਸਨ ਅਤੇ ਮੁਸਲਮਾਨਾਂ ਦਾ ਬਿਲਕੁਲ ਕੋਈ ਇਰਾਦਾ ਨਹੀਂ ਸੀ, ਪਰ ਖ਼ੁਦਾ ਦਾ ਅਜਿਹਾ ਫ਼ਜ਼ਲ ਹੋਇਆ ਕਿ ਕੁੱਝ ਮੁਸਲਮਾਨ ਜ਼ਖ਼ਮੀ ਬੇਸ਼ਕ ਹੋਏ, ਪਰ ਉਨ੍ਹਾਂ ਵਿੱਚੋਂ ਜਾਨ ਦਾ ਨੁਕ਼ਸਾਨ ਕਿਸੇ ਦਾ ਨਾ ਹੋਇਆ, ਪਰ ਦੂਜੇ ਪਾਸੇ ਸਾਰੇ ਯਹੂਦੀ ਅਪਣੀ ਗ਼ੱਦਾਰੀ ਦਾ ਮਜ਼ਾ ਚੱਖਦੇ ਹੋਏ ਮਿੱਟੀ ਵਿੱਚ ਰਲ਼ ਗਏ।

ਜਦ ਸਹਾਬਾ ਦੀ ਇਹ ਪਾਰਟੀ ਮਦੀਨੇ ਪਹੁੰਚੀ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਹਾਲਾਤਾਂ ਦੀ ਇਤਲਾਅ ਮਿਲ਼ੀ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੁਸਲਮਾਨਾਂ ਦੇ ਸਹੀ ਸਲਾਮਤ ਬਚ ਜਾਣ ‘ਤੇ ਖ਼ੁਦਾ ਦਾ ਸ਼ੁਕਰ ਅਦਾ ਕੀਤਾ ਅਤੇ ਫ਼ਰਮਾਇਆ ਕਿ ਸ਼ੁਕਰ ਕਰੋ ਕਿ ਖ਼ੁਦਾ ਨੇ ਤੁਹਾਨੂੰ ਇਸ ਜ਼ਾਲਿਮ ਪਾਰਟੀ ਤੋਂ ਛੁਟਕਾਰਾ ਦਿੱਤਾ। ਇਸ ਵਾਕ਼ੇ ਦੇ ਬਾਰੇ ਕੁੱਝ ਈਸਾਈ ਇਤਿਹਾਸਕਾਰਾਂ ਨੇ ਇਹ ਐਤਰਾਜ਼ ਕੀਤਾ ਹੈ ਕਿ ਭਾਂਵੇਂ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਦੀ ਪਾਰਟੀ ਉਸੈਰ ਨੂੰ ਖ਼ੈਬਰ ਵਿੱਚ ਇਸੇ ਨੀਅਤ ਨਾਲ਼ ਕੱਢ ਕੇ ਲੈ ਗਈ ਹੋਵੇ ਕਿ ਰਸਤੇ ਵਿੱਚ ਮੌਕ਼ਾ ਪਾ ਕੇ ਉਨ੍ਹਾਂ ਨੂੰ ਕ਼ਤਲ ਕਰ ਦਿੱਤਾ ਜਾਵੇ ਪਰ ਜਿਵੇਂ ਕਿ ਬਿਆਨ ਕੀਤਾ ਜਾ ਚੁੱਕਿਆ ਹੈ ਕਿ ਇਤਿਹਾਸ ਵਿੱਚ ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲ਼ਦਾ ਕਿ ਮੁਸਲਮਾਨ ਇਸ ਨੀਅਤ ਨਾਲ਼ ਉੱਥੇ ਗਏ ਸਨ ਬਲਕਿ ਗ਼ੌਰ ਕੀਤਾ ਜਾਵੇ ਤਾਂ ਦੂਸਰੇ ਸਬੂਤਾਂ ਦੇ ਇਲਾਵਾ ਹਜ਼ਰਤ ਅਬਦੁੱਲਾਹ ਬਿਨ ਉਨੈਸ ਦੇ ਇਹ ਸ਼ਬਦ ਕਿ ਓ ਖ਼ੁਦਾ ਦੇ ਦੁਸ਼ਮਣ! ਕੀ ਤੇਰੀ ਗ਼ੱਦਾਰੀ ਦੀ ਨੀਅਤ ਹੈ? ਅਤੇ ਫਿਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਇਹ ਸ਼ਬਦ ਕਿ ਸ਼ੁਕਰ ਕਰੋ ਖ਼ੁਦਾ ਨੇ ਤੁਹਾਨੂੰ ਇਸ ਜ਼ਾਲਿਮ ਪਾਰਟੀ ਤੋਂ ਛੁਟਕਾਰਾ ਦਿੱਤਾ, ਇਸ ਗੱਲ ਨੂੰ ਸਾਬਿਤ ਕਰਨ ਦੇ ਲਈ ਕਾਫ਼ੀ ਹਨ ਕਿ ਮੁਸਲਮਾਨਾਂ ਦੀ ਨੀਅਤ ਬਿਲਕੁਲ ਸਾਫ਼ ਸੀ।

ਫਿਰ ਹੈ ਸਿਰਿੱਯਾ ਅਮ੍ਰ ਬਿਨ ਉਮੱਯਾ ਜ਼ਮਰੀ, ਇਹ ਅਬੂ ਸੁਫ਼ਯਾਨ ਦੇ ਵੱਲ ਗਿਆ ਸੀ। ਇਬਨਿ ਹੱਸ਼ਾਮ, ਇਬਨਿ ਕਸੀਰ ਅਤੇ ਤਬਰੀ ਆਦਿ ਨੇ ਇਸ ਸਿਰਿੱਯਾ ਨੂੰ ਚਾਰ (04) ਹਿਜਰੀ ਵਿੱਚ ਵਾਕ਼ਿਆ ਰਜੀਅ ਦੇ ਬਾਅਦ ਬਿਆਨ ਕੀਤਾ ਹੈ। ਪਰ ਇਬਨਿ ਸਾਅਦ ਅਤੇ ਜ਼ਰਕ਼ਾਨੀ ਨੇ ਇਸ ਸਿਰਿੱਯਾ ਨੂੰ ਛੇ (06) ਹਿਜਰੀ ਦੇ ਸਿਰਿੱਯਾਵਾਂ ਹੇਠ ਬਿਆਨ ਕੀਤਾ ਹੈ। ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਵੀ ਸੀਰਤ ਖ਼ਾਤਮੁੰਨ ਨਬਿੱਯੀਨ ਵਿੱਚ ਇਸ ਸਿਰਿੱਯਾ ਨੂੰ ਛੇ (06) ਹਿਜਰੀ ਵਿੱਚ ਬਿਆਨ ਕੀਤਾ ਹੈ।

ਇਸ ਸਿਰਿੱਯਾ ਦੀ ਤਫ਼ਸੀਲ ਇੰਝ ਹੈ ਕਿ ਅਬੂ ਸੁਫ਼ਯਾਨ ਨੇ ਕੁਰੈਸ਼ ਦੇ ਕੁੱਝ ਬੰਦਿਆਂ ਨੂੰ ਕਿਹਾ ਕਿ ਤੁਹਾਡੇ ਵਿੱਚ ਕੋਈ ਅਜਿਹਾ ਨਹੀਂ ਹੈ, ਜਿਹੜਾ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਨੂੰ ਅਚਾਨਕ ਕ਼ਤਲ ਕਰ ਦੇਵੇ, ਜਦ ਉਹ ਚੱਲਦੇ ਫਿਰਦੇ ਹੋਣ। ਫਲਸਰੂਪ ਅਬੂ ਸੁਫ਼ਯਾਨ ਦੇ ਕੋਲ਼ ਜੰਗਲ਼ੀ ਲੋਕਾਂ ਵਿੱਚੋਂ ਇੱਕ ਆਦਮੀ ਉਸਦੇ ਘਰ ਆਇਆ ਕਿ ਜੇਕਰ ਤੂੰ ਮੇਰੀ ਮਦਦ ਕਰੇਂ ਤਾਂ ਮੈਂ ਉਨ੍ਹਾਂ ਦੇ ਵੱਲ ਜਾਵਾਂਗਾ, ਇੱਥੋਂ ਤੱਕ ਕਿ ਅਚਾਨਕ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ‘ਤੇ ਹਮਲਾ ਕਰ ਦੇਵਾਂਗਾ। ਮੇਰੇ ਕੋਲ਼ ਇੱਕ ਖ਼ੰਜਰ ਹੈ, ਜੋ ਗਿੱਧ ਦੇ ਪਰ ਵਰਗਾ ਹੈ, ਉਸ ਨਾਲ਼ ਮੈਂ ਮੁਹੰਮਦ

(ਸੱਲ-ਲੱਲਾਹੁ ਅਲੈਹਿ-ਵਸੱਲਮ) 'ਤੇ ਹਮਲਾ ਕਰਾਂਗਾ। ਫਿਰ ਮੈਂ ਕਿਸੇ ਕ਼ਾਫ਼ਲੇ ਵਿੱਚ ਰਲ਼ ਜਾਵਾਂਗਾ ਅਤੇ ਭੱਜ ਕੇ ਇਸ ਕ਼ੌਮ ਤੋਂ ਅੱਗੇ ਨਿਕਲ਼ ਜਾਵਾਂਗਾ ਕਿਉਂਕਿ ਰਸਤੇ ਦਾ ਮੈਂ ਬਹੁਤ ਮਾਹਿਰ ਹਾਂ। ਫਲਸਰੂਪ ਅਬੂ ਸੁਫ਼ਯਾਨ ਨੇ ਉਸਨੂੰ ਊਠ ਅਤੇ ਰਾਹ ਖ਼ਰਚ ਦਿੱਤਾ। ਉਹ ਰਾਤ ਨੂੰ ਨਿਕਲਿਆ ਅਤੇ ਫਿਰ ਮਦੀਨੇ ਪਹੁੰਚ ਕੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਬਾਰੇ ਪੁੱਛਣ ਲੱਗਾ। ਇੱਥੋਂ ਤੱਕ ਉਸਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਬਾਰੇ ਦੱਸਿਆ ਗਿਆ, ਤਾਂ ਉਸਨੇ ਅਪਣੀ ਸਵਾਰੀ ਨੂੰ ਬੰਨ੍ਹਿਆ, ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਵੱਲ ਆਇਆ। ਉਸ ਵੇਲ਼ੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਬਨੂ ਅਬਦੁਲ ਅਸ਼ਹਲ ਦੀ ਮਸਜਿਦ ਵਿੱਚ ਸਨ।

ਜਦ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਨੂੰ ਦੇਖਿਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਯਕ਼ੀਨਨ ਇਸ ਆਦਮੀ ਦਾ ਧੋਖਾ ਦੇਣ ਦਾ ਇਰਾਦਾ ਹੈ ਅਤੇ ਅੱਲਾਹ ਤਆਲਾ ਇਸਦੇ ਇਸ ਇਰਾਦੇ ਦੇ ਦਰਮਿਆਨ ਹਾਇਲ/ਰੋਕ ਹੈ। ਫਲਸਰੂਪ ਉਹ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ 'ਤੇ ਹਮਲਾ ਕਰਨ ਲਈ ਵਧਿਆ ਤਾਂ ਹਜ਼ਰਤ ਉਸੈਦ ਬਿਨ ਹੁਜ਼ੈਰ ਰਜ਼ਿ ਅੱਲਾਹੁ ਅਨਹੁ ਨੇ ਉਸਨੂੰ ਉਸਦੀ ਚਾਦਰ ਦੇ ਅੰਦਰਲੇ ਕਿਨਾਰੇ ਤੋਂ ਫੜ ਕੇ ਖਿੱਚਿਆ ਤਾਂ ਅਚਾਨਕ ਉਸਦੇ ਹੱਥੋਂ ਖ਼ੰਜਰ ਡਿੱਗ ਪਿਆ ਅਤੇ ਉਹ ਪੁਕਾਰਣ ਲੱਗਾ ਮੇਰਾ ਖ਼ੂਨ, ਮੇਰਾ ਖ਼ੂਨ ਯਾਨੀ ਮੇਰੀ ਜਾਨ ਬਖ਼ਸ਼ ਦਿਓ। ਹਜ਼ਰਤ ਉਸੈਦ ਬਿਨ ਹੁਜ਼ੈਰ ਰਜ਼ਿ ਅੱਲਾਹੁ ਅਨਹੁ ਨੇ ਉਸਨੂੰ ਉਸਦੀ ਧੌਣ ਤੋਂ ਫੜ ਲਿਆ ਅਤੇ ਫਿਰ ਛੱਡ ਦਿੱਤਾ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਨੂੰ ਫ਼ਰਮਾਇਆ ਕੇ ਮੈਨੂੰ ਸੱਚ ਸੱਚ ਦੱਸ ਕਿ ਤੂੰ ਕੌਣ ਹੈਂ? ਉਸਨੇ ਕਿਹਾ ਕਿ ਮੈਂ ਅਮਾਨ ਮੰਗਦਾ ਹਾਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਹਾਂ! ਠੀਕ ਹੈ। ਉਸਨੇ ਆਪਣਾ ਕੰਮ , ਜਿਹੜਾ ਅਬੂ ਸੁਫ਼ਯਾਨ ਨੇ ਉਸਦੇ ਲਈ ਤੈ ਕੀਤਾ ਸੀ, ਦੱਸਿਆ, ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਨੂੰ ਛੱਡ ਦਿੱਤਾ। ਇਸ ਨਰਮੀ 'ਤੇ ਉਹ ਮੁਸਲਮਾਨ ਹੋ ਗਿਆ।

ਅਬੂ ਸੁਫ਼ਯਾਨ ਦੀ ਇਸ ਖ਼ੂਨੀ ਸਾਜ਼ਿਸ਼ ਨੇ ਇਸ ਗੱਲ ਨੂੰ ਪਹਿਲਾਂ ਨਾਲੋਂ ਵੀ ਜ਼ਰੂਰੀ ਕਰ ਦਿੱਤਾ ਕਿ ਮੱਕੇ ਵਾਲਿਆਂ ਦੇ ਇਰਾਦੇ ਅਤੇ ਨੀਅਤ ਤੋਂ ਆਗਾਹੀ ਰੱਖੀ ਜਾਵੇ। ਫਲਸਰੂਪ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੇ ਦੋ ਸਹਾਬਾ ਹਜ਼ਰਤ ਅਮ੍ਰ ਬਿਨ ਉਮੱਯਾ ਜ਼ਮਰੀ ਅਤੇ ਹਜ਼ਰਤ ਸਲਮਾ ਬਿਨ ਅਸਲਮ ਨੂੰ ਮੱਕੇ ਵੱਲ ਰਵਾਨਾ ਕੀਤਾ ਅਤੇ ਅਬੂ ਸੁਫ਼ਯਾਨ ਦੀ ਇਸ ਕ਼ਤਲ ਦੀ ਸਾਜ਼ਿਸ਼ ਅਤੇ ਪੁਰਾਣੀਆਂ ਖ਼ੂਨ ਪੀਣੀਆਂ ਕਾਰਵਾਈਆਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਇਜਾਜ਼ਤ ਦਿੱਤੀ ਕਿ ਜੇਕਰ ਮੌਕ਼ਾ ਮਿਲ਼ੇ ਤਾਂ ਬੇਸ਼ੱਕ ਇਸਲਾਮ ਦੇ ਇਸ ਜੰਗੀ ਦੁਸ਼ਮਣ ਦਾ ਖ਼ਾਤਮਾ ਕਰ ਦੇਣ। ਪਰ ਜਦੋਂ ਹਜ਼ਰਤ ਅਮ੍ਰ ਬਿਨ ਉਮੱਯਾ ਜ਼ਮਰੀ ਅਤੇ ਹਜ਼ਰਤ ਸਲਮਾ ਬਿਨ ਅਸਲਮ ਮੱਕੇ ਪਹੁੰਚੇ ਤਾਂ ਕ਼ੁਰੈਸ਼ ਹੁਸ਼ਿਆਰ ਹੋ ਗਏ ਅਤੇ ਇਹ ਦੋਵੇਂ ਸਹਾਬੀ ਅਪਣੀ ਜਾਨ ਬਚਾ ਕੇ ਮਦੀਨੇ ਵੱਲ ਵਾਪਿਸ ਪਰਤ ਆਏ। ਰਸਤੇ ਵਿੱਚ ਉਨ੍ਹਾਂ ਨੂੰ ਕ਼ੁਰੈਸ਼ ਦੇ ਦੋ (02) ਜਾਸੂਸ ਮਿਲ਼ ਗਏ, ਜਿਨ੍ਹਾਂ ਨੂੰ ਕ਼ੁਰੈਸ਼ ਦੇ ਸਰਦਾਰਾਂ ਨੇ ਮੁਸਲਮਾਨਾਂ ਦੀਆਂ ਕਾਰਵਾਈਆਂ ਦਾ ਪਤਾ ਲੈਣ ਲਈ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਹਾਲਾਤਾਂ ਦਾ ਪਤਾ ਹਾਸਿਲ ਕਰਨ ਲਈ ਭੇਜਿਆ ਸੀ ਅਤੇ ਕੋਈ ਅਚੰਭਾ ਨਹੀਂ ਕਿ ਇਹ ਵਿਉਂਤ ਵੀ ਕ਼ੁਰੈਸ਼ ਦੀ ਕਿਸੇ ਖ਼ੂਨੀ ਸਾਜ਼ਿਸ਼ ਦੀ ਸ਼ੁਰੂਆਤ ਹੋਵੇ। ਪਰ ਖ਼ੁਦਾ ਦਾ ਫ਼ਜ਼ਲ ਹੋਇਆ ਕਿ ਹਜ਼ਰਤ ਅਮ੍ਰ ਬਿਨ ਉਮੱਯਾ ਜ਼ਮਰੀ ਅਤੇ ਹਜ਼ਰਤ ਸਲਮਾ ਬਿਨ ਅਸਲਮ ਨੂੰ ਇਨ੍ਹਾਂ ਦੀ ਜਾਸੂਸੀ ਦਾ ਪਤਾ ਲੱਗ ਗਿਆ। ਜਿਸ 'ਤੇ ਉਨ੍ਹਾਂ ਨੇ ਇਨ੍ਹਾਂ ਜਾਸੂਸਾਂ 'ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿੱਚ ਇੱਕ ਜਾਸੂਸ ਤਾਂ ਮਾਰਿਆ ਗਿਆ ਅਤੇ ਦੂਸਰੇ ਨੂੰ ਕ਼ੈਦ ਕਰਕੇ ਉਹ ਆਪਣੇ ਨਾਲ਼ ਮਦੀਨੇ ਲੈ ਆਏ। ਹਜ਼ੂਰ ਅਨਵਰ ਨੇ ਇਰਸ਼ਾਦ ਫ਼ਰਮਾਇਆ ਕਿ ਬਾਕ਼ੀ ਇੰਸ਼ਾ ਅੱਲਾਹ ਆਇੰਦਾ।

ਹਜ਼ੂਰ ਅਨਵਰ ਨੇ ਦੁਆਵਾਂ ਬਾਰੇ ਕਹਿੰਦੇ ਹੋਏ ਫ਼ਰਮਾਇਆ ਕਿ ਪਾਕਿਸਤਾਨ ਦੇ ਹਾਲਾਤਾਂ ਬਾਰੇ ਮੈਂ ਦੁਆ ਲਈ ਕਹਿੰਦਾ ਰਹਿੰਦਾ ਹਾਂ। ਇਸ ਵਿੱਚ ਕਈ ਵਾਰ ਬਹੁਤ ਸ਼ਿੱਦਤ ਆ ਜਾਂਦੀ ਹੈ। ਪ੍ਰਸ਼ਾਸਨ ਅਤੇ ਹਕੂਮਤ ਵੀ ਲੱਗਦਾ ਹੈ ਕਿ ਸ਼ਿੱਦਤ ਪਸੰਦ ਮੌਲਵੀਆਂ ਦੇ ਹੱਥ ਦਾ ਖਿਡੌਣਾ ਬਣੀ ਹੋਈ ਹੈ। ਪਹਿਲਾਂ ਤਾਂ ਇਹ ਖ਼ਬਰਾਂ ਹੀ ਆਉਂਦੀਆਂ ਸਨ ਕਿ ਮਸਜਿਦ ਦਾ ਮੀਨਾਰ ਢਾ ਦਿੱਤਾ, ਮਿਹਰਾਬ ਸੁੱਟ ਦਿੱਤਾ। ਪਰ ਹੁਣ ਡਸਕਾ ਵਿੱਚ ਕੱਲ ਉਨ੍ਹਾਂ ਨੇ ਸੜਕ ਬਣਾਉਣ ਦੇ ਬਹਾਨੇ ਪਹਿਲਾਂ ਨੋਟਿਸ ਭੇਜਿਆ ਕਿ ਇੰਨੀ ਜਗ੍ਹਾ ਅਸੀਂ ਲਵਾਂਗੇ ਅਤੇ ਉੱਥੇ ਬੁਲਡੋਜ਼ਰ ਫੇਰ ਕੇ ਜਗ੍ਹਾ ਸਾਫ਼ ਕਰਾਂਗੇ। ਇਸ ਵਿੱਚ ਥੋੜਾ ਜਿਹੜਾ ਹਿੱਸਾ ਮਸਜਿਦ ਦੇ ਗ਼ੁਸਲਖ਼ਾਨੇ ਦਾ ਆਉਂਦਾ ਸੀ। ਪਰ ਜਦ ਬੁਲਡੋਜ਼ਰ ਲੈ ਕੇ ਆਏ ਤਾਂ ਉਨ੍ਹਾਂ ਨੇ ਮੌਲਵੀਆਂ ਦੇ ਕਹਿਣ 'ਤੇ ਸਾਰੀ ਮਸਜਿਦ ਨੂੰ ਹੀ ਢਾ ਦਿੱਤਾ ਅਤੇ ਸ਼ਹੀਦ ਕਰ ਦਿੱਤਾ। ਮਸਜਿਦ ਬਹੁਤ ਪੁਰਾਣੀ ਬਣੀ

ਹੋਈ ਸੀ, ਵੰਡ ਤੋਂ ਪਹਿਲਾਂ ਦੀ ਬਣੀ ਹੋਈ ਸੀ ਅਤੇ ਹਜ਼ਰਤ ਚੌਧਰੀ ਸਰ ਜ਼ਫ਼ਰੁੱਲਾਹ ਖ਼ਾਨ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਸ਼ਾਇਦ ਬਣਵਾਈ ਸੀ। ਇਹ ਅੱਜ ਕੱਲ ਇਸ ਹੱਦ ਤੱਕ ਵਧ ਗਏ ਹਨ। ਅੱਲਾਹ ਤਆਲਾ ਹੀ ਹੈ ਜਿਹੜਾ ਇਨ੍ਹਾਂ ਦੀ ਪਕੜ ਦੇ ਸਮਾਨ ਪੈਦਾ ਕਰੇ ਅਤੇ ਇਨ੍ਹਾਂ ਦੇ ਮਕਰ ਇਨ੍ਹਾਂ 'ਤੇ ਉਲਟਾਏ। ਇਸ ਲਈ ਅਹਮਦੀਆਂ ਨੂੰ, ਖ਼ਾਸ ਤੌਰ 'ਤੇ ਪਾਕਿਸਤਾਨ ਦੇ ਅਹਮਦੀਆਂ ਨੂੰ ਬਹੁਤ ਜ਼ਿਆਦਾ ਦੁਆਵਾਂ ਦੀ ਲੋੜ ਹੈ। ਇਸ ਤਰਫ਼ ਧਿਆਨ ਦਵੋ।

ਇਸੇ ਤਰ੍ਹਾਂ ਫ਼ਲਸਤੀਨ ਦੇ ਬਾਰੇ ਵੀ ਜਿਹੜਾ ਸਮਝੌਤਾ ਹੋ ਰਿਹਾ ਹੈ, ਕੋਈ ਕਹਿੰਦਾ ਹੈ ਹੋ ਗਿਆ, ਕਦੀ ਕਿਹਾ ਜਾਂਦਾ ਹੈ ਕਿ ਅਜੇ ਨਹੀਂ ਹੋਇਆ, ਜਾਂ ਸਮਝੌਤੇ ਦੇ ਬਾਅਦ ਵੀ ਵਾਕ਼ੇ ਹੋ ਰਹੇ ਹਨ। ਇਸ ਗੱਲ 'ਤੇ ਕੁੱਝ ਲੋਕ ਬੇ ਵਜ੍ਹਾ ਖ਼ੁਸ਼ੀਆਂ ਮਨਾਉਣ ਲੱਗ ਪਏ ਹਨ। ਪਰ ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਦੱਜਾਲੀ ਤਾਕ਼ਤਾਂ ਦਾ ਕੋਈ ਐਤਬਾਰ ਨਹੀਂ ਹੁੰਦਾ। ਇਹ ਕਹਿੰਦੇ ਕੁੱਝ ਹਨ, ਕਰਦੇ ਕੁੱਝ ਹਨ। ਇਸ ਲਈ ਇੰਨੀ ਜ਼ਿਆਦਾ ਖ਼ੁਸ਼ ਫ਼ਹਿਮੀ ਦੀ ਲੋੜ ਨਹੀਂ ਹੈ। ਉਨ੍ਹਾਂ ਲਈ ਦੁਆ ਦੀ ਵੀ ਲੋੜ ਹੈ ਅਤੇ ਮੁਸਲਮਾਨਾਂ ਨੂੰ ਅਕ਼ਲ ਨਾਲ਼ ਕੰਮ ਲੈ ਕੇ ਆਪਣੇ ਹੱਕ਼ ਹਾਸਿਲ ਕਰਨ ਦੇ ਵੱਲ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅੱਲਾਹ ਤਆਲਾ ਮੁਸਲਿਮ ਕ਼ੌਮ ਨੂੰ ਇਸਦੀ ਵੀ ਅਕ਼ਲ ਦੇਵੇ।

ਖ਼ੁਤਬਾ ਜੁਮਆ ਦੇ ਆਖ਼ਿਰ 'ਤੇ ਹਜ਼ੂਰ ਅਨਵਰ ਨੇ ਤਿੰਨ (03) ਸੁਰਗਵਾਸੀਆਂ ਸਤਿਕਾਰਯੋਗ ਸ਼ੇਖ਼ ਮੁਬਾਰਕ ਅਹਮਦ ਸਾਹਿਬ (ਨਾਜ਼ਿਰ ਦੀਵਾਨ ਸਦਰ ਅੰਜੁਮਨ ਅਹਮਦਿੱਯਾ, ਰਬਵਾ), ਸਤਿਕਾਰਯੋਗ ਮੁਹੰਮਦ ਮੁਨੀਰ ਇਦਲਬੀ ਸਾਹਿਬ ਆਫ਼ ਕ਼ਤਰ ਅਤੇ ਸਤਿਕਾਰਯੋਗ ਅਬਦੁਲ ਬਾਰੀ ਤਾਰਿਕ਼ ਸਾਹਿਬ (ਇੰਚਾਰਜ ਕੰਪਿਊਟਰ ਸੈਕਸ਼ਨ ਵਕ਼ਫ਼ਿ ਜਦੀਦ ਰਬਵਾ) ਦਾ ਜ਼ਿਕਰਿ ਖ਼ੈਰ ਕਰਦੇ ਹੋਏ ਉਨ੍ਹਾਂ ਦਾ ਨਮਾਜ਼ਿ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ۞

ਖ਼ੁਲਾਸਾ ਖ਼ੁਤਬਾ ਜੁਮਆ ਦੇ ਪੰਜਾਬੀ ਅਨੁਵਾਦ ਨੂੰ ਹੋਰ ਸੋਹਣਾ ਬਣਾਉਣ ਲਈ ਆਪਣੇ ਸੁਝਾਅ ਜ਼ਰੂਰ ਦਿਓ।

ਈ-ਮੇਲ: MurabbiAatir@GMail.Com।